# ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

## ਕੜੀ-29, ਜਲਵਾਯੂ ਪਰਿਵਰਤਨ - ਪ੍ਰਤੀਕਿਰਿਆ ਨੀਤੀਆਂ

## ( CLIMATE CHANGE- RESPONSE STRATEGIES )


ਖੋਜ: ਡਾ. ਈ ਆਰ ਸੁਬਰਾਮਨੀਅਮ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ



( In this episode we have presented the effects of climate change being experienced in several ways. Shifting patterns of rising temperatures , snow and rainfall and more extreme climate events-such as heavy rainstorms and record ing of high temperatures that are taking place. These changes are linked to the climbing levels of carbondioxide and other greenhouse gases in our atmosphere, caused by humanactivities such as burning fossil fuels for energy. By taking action to reduce emissions of greenhouse gases that warm our planet, we can reduce the risks we will face from future climate change. A well-informed public is essential to promote awareness of the issues and provide guidance on positive practices. Every one of us has an important role to play. Climate change is a global issue. Effective responses require a global effort. In fact global warming requires global response. The efforts being made in this direction stand focused.)

( ਇਸ ਕੜੀ ਵਿੱਚ ਜੋ ਚਰਚਾ ਕੀਤੀ ਹੈ ਉਹ ਹੈ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਦੀ ਜੋ ਸਾਨੂੰ ਦਰਪੇਸ਼ ਨੇ ਕਈ ਰੂਪਾਂ ਵਿੱਚ ! ਵੱਧਦੇ ਤਾਪਮਾਨ ਬਰਫਬਾਰੀ ਤੇ ਵਰਖਾ ਦੀਆਂ ਬਦਲਦੀਆਂ ਵੰਨਗੀਆਂ, ਹੋਰ ਚਰਮ ਸੀਮਾ ਨੂੰ ਪਹੁੰਚੀਆਂ ਜਲਵਾਯੂ ਘਟਨਾਵਾਂ ਜਿਵੇਂ ਕਿ ਭਾਰੀ ਵਰਖਾ , ਝਖੜ ਤੇ ਵੱਧਦੇ ਹੋਏ ਤਾਪਮਾਨ ਦਾ ਦਰਜ ਕੀਤਾ ਜਾਣਾ । ਇਸ ਵਿੱਚ ਦੱਸਿਆ ਹੈ ਕਿ ਇਹ ਬਦਲਾਅ ਸਾਡੇ ਵਾਯੂਮੰਡਲ ਵਿੱਚ ਕਾਰਬਨਡਾਈਅਕਸਾਈਡ ਤੇ ਹੋਰ ਹਰਿਤ ਘਰ ਗੈਸਾਂ ਦੀ ਵੱਧਦੀ ਮਾਤਰਾ ਕਰਕੇ ਹੈ । ਇਹ ਵਾਧਾ ਮਨੁੱਖੀ ਗਤੀਵਿਧੀਆਂ ਜਿਵੇਂ ਕਿ ਊਰਜਾ ਵਾਸਤੇ ਪਥਰਾਹਟੀ ਬਾਲਣਾਂ ਦੇ ਬਾਲਣ ਕਰਕੇ ਹੋ ਰਿਹਾ ਹੈ ! ਹਰਿਤ ਘਰ ਗੈਸਾਂ ਦੀ ਮਾਤਰਾ ਘਟਾ ਕੇ ਅਸੀਂ ਭਵਿੱਖ ਵਿੱਚ ਹੋਣ ਵਾਲੇ ਜਲਵਾਯੂ ਬਦਲਾਅ ਦੇ ਖਤਰਿਆਂ ਨੂੰ ਘਟਾ ਸਕਦੇ ਹਾਂ ! ਇਸ ਵਾਸਤੇ ਸੁਚੇਤ ਤੇ ਸੂਚਨਾ ਨਾਲ ਲੈਸ ਜਨਤਾ ਇੱਕ ਅਹਿਮ ਲੋੜ ਹੈ ! ਸਾਡੇ ਵਿੱਚੋਂ ਹਰ ਇੱਕ ਨੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣੀ ਹੈ ! ਜਲਵਾਯੂ ਬਦਲਾਅ ਇੱਕ ਅੰਤਰ ਰਾਸਟਰੀ ਮੁੱਦਾ ਹੈ , ਇਸ ਵਾਸਤੇ ਕੋਸ਼ਿਸ਼ਾਂ ਵੀ ਸੰਸਾਰ ਪੱਧਰ ‘ਤੇ ਹੀ ਕਰਨੀਆਂ ਪੈਣਗੀਆਂ ! ਦਰਅਸਲ ਆਲਮੀ ਤਪਸ ਵਾਸਤੇ ਆਲਮੀ ਪ੍ਰਤੀਕਿਰਿਆ ਦੀ ਹੀ ਲੋੜ ਹੈ ! ਇਸਕੜੀ ਦਾ ਕੇਂਦਰ ਬਿੰਦੂ ਹਨ ਇਸ ਦਿਸ਼ਾ ਵਿੱਚ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ! )


ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਸੂਰਜ: ਪ੍ਰੋਫੈਸਰ ਪਤੀ ( 48 ਸਾਲ )

ਧਨਵੰਤ: ਪਰਿਆਵਰਣ ਕਾਰਕੁਨ, ਪਤਨੀ ( 45 ਸਾਲ )

ਕੇਸ਼ਵ: ਖੇਤੀਬਾੜੀ ਅਧਿਕਾਰੀ , ਪੁੱਤਰ ( 27 ਸਾਲ )

ਆਕਾਸ਼: ਪਰਿਆਵਰਣ ਵਿਗਿਆਨੀ ( 44 ਸਾਲ )

ਡਾ. ਮਨਪ੍ਰੀਤ: ਆਈ ਆਈ ਟੀ ਐਮ ਵਿਗਿਆਨੀ ( 45 ਸਾਲ )

ਸਾਗਰ : ਕਿਸਾਨ, ਸੂਰਜ ਦਾ ਦੋਸਤ ( 52 ਸਾਲ )

ਸੁਰਜੀਤ: ਵਿਦਿਆਰਥਣ ( 21 ਸਾਲ )

ਰਾਹੁਲ: ਵਿਦਿਆਰਥੀ ( 20 ਸਾਲ )

## ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਅਠਾਈ ਕੜੀਆਂ ਰਾਹੀਂ ਅਸੀਂ ਕਰ ਚੁੱਕੇ ਹਾਂ ਚਰਚਾ, ਸਾਡੇ ਪ੍ਰਚੱਲਤ ਵਿਕਾਸ ਮਾਡਲ ਕਾਰਨ ਪੈਦਾ ਹੋਏ ਖਪਤਵਾਦ ਦੀ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ "ਟਿਕਾਊ ਵਿਕਾਸ" ਦੇ ਇੱਕ ਹੋਰ ਵਿਸ਼ੇ 'ਤੇ ! ਕਹਾਣੀ ਹੈ ਅੱਜ ਜਲਵਾਯੂ ਬਦਲਾਅ ਦੇ ਟਾਕਰੇ ਵਾਸਤੇ ਘੜੀਆਂ ਜਾਣ ਵਾਲੀਆਂ ਨੀਤੀਆਂ ਦੀ! ਇਸ ਚੁਨੌਤੀ ਨਾਲ ਨਿਪਟਣ ਲਈ ਪੂਰਾ ਸੰਸਾਰ ਦੀ ਇਕੱਠੇ ਹੋ ਕੇ ਤਿਆਰੀ ਦੀ ! ਇਸਦੇ ਟਾਕਰੇ ਵਾਸਤੇ ਭਾਰਤ ਵੱਲੋਂ ਚੁੱਕੇ ਗਏ ਠੋਸ ਕਦਮਾਂ ਦੀ ਤਾਕਿ ਰੋਕ ਲੱਗੇ, ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ 'ਤੇ ਅਤੇ ਹੋਰ ਉਪੱਰ ਨਾ ਚੜ੍ਹੇ ਪਾਰਾ !

ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ ਇਸ 29ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ ! ਸਾਡੇ ਵੱਲੋਂ ਸੱਭ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੀ ਬ੍ਰਿਤਾਂਤ ਜਲਵਾਯੂ ਵਿੱਚ ਹੋ ਰਹੇ ਬਦਲਾਅ ਦਾ !

**ਔਰਤ ਸੂਤਰਧਾਰ:** ਸੁਣਾਇਆ ਸੀ ਹਾਲ ਹਰਿਤ ਘਰ ਗੈਸਾਂ ਨਾਲ ਜਲਵਾਯੂ ਨੂੰ ਹੋ ਰਹੇ ਨੁਕਸਾਨ ਦਾ !

**ਮਰਦ ਸੂਤਰਧਾਰ:** ਸੁਣੀ ਸੀ ਤੁਸੀਂ ਕਹਾਣੀ ਪਥਰਾਹਟੀ ਬਾਲਣਾਂ ਕਾਰਨ ਬਣ ਰਹੀ ਕਾਰਬਨਡਾਈਅਕਸਾਈਡ !

**ਔਰਤ ਸੂਤਰਧਾਰ:** ਜਿੰਮੇਵਾਰ ਹੈ ਜੋ ਗਲੋਬਲ ਵਾਰਮਿੰਗ ਦੇ 75% ਹਿੱਸੇ ਦੇ ਵਾਸਤੇ !

**ਮਰਦ ਸੂਤਰਧਾਰ:** ਹਰਿਤਘਰ ਗੈਸਾਂ ਵਿੱਚ ਦੱਸੇ ਸਨ ਸ਼ਾਮਲ! ਕਾਰਬਨਡਾਈਅਕਸਾਈਡ , ਨਾਈਟਰਸ ਅਕਸਾਈਡ, ਮੀਥੇਨ, ਓਜ਼ੋਨ , ਜਲ-ਵਾਸ਼ਪ ਤੇ ਕਲੋਰੋਫਲੋਰੋ ਕਾਰਬਨ!

**ਔਰਤ ਸੂਤਰਧਾਰ:** ਸੁਣਿਆ ਸੀ ਅੰਤਰ ਮੌਸਮ ਤੇ ਜਲਵਾਯੂ ਦੇ ਵਿਚਕਾਰ !

**ਮਰਦ ਸੂਤਰਧਾਰ:** ਸੁਣਿਆ ਸੀ ਮੌਸਮ ਹੁੰਦਾ ਹੈ ਤਾਪਮਾਨ ਦਾ ਵਕਤੀ ਬਦਲਾਅ ਅਲਪਕਾਲ ਦੌਰਾਨ !

**ਔਰਤ ਸੂਤਰਧਾਰ:** ਜਦ ਕਿ ਜਲਵਾਯੂ ਹੁੰਦਾ ਹੈ ਦੀਰਘਕਾਲ ਬਦਲਾਅ ਸੰਸਾਰ ਪੱਧਰ ਤੇ ਜਾਂ ਮਹਾਂਦੀਪਾਂ ਵਿੱਚ !

**ਮਰਦ ਸੂਤਰਧਾਰ:** ਦੱਸਿਆ ਸੀ ਕਿ ਓਜ਼ੋਨ ਪਰਤ ਦੀ ਮੋਰੀ ਬਣਦੀ ਹੈ ਕਲੋਰੋਫਲੋਰੋ ਕਾਰਬਨਾਂ ਦੇ ਕਾਰਨ !

**ਔਰਤ ਸੂਤਰਧਾਰ:** ਸੁਣਾ ਦਿੱਤਾ ਸੀ ਇਹ ਭੇਦ ਵੀ ਕਿ ਓਜ਼ੋਨ ਪਰਤ ਦੀ ਮੋਰੀ ਨਹੀਂ ਜਿੰਮੇਵਾਰ ਆਲਮੀ ਤਪਸ ਵਾਸਤੇ !

**ਮਰਦ ਸੂਤਰਧਾਰ:**ਕਹਾਣੀ ਸੀ ਐਲਨੀਨੋ ਦੀ ਵੀ ਕਿ ਉਹ ਨਹੀਂ ਕਰਦਾ ਪ੍ਰਭਾਵਤ ਆਮ ਕਰਕੇ ਸਾਡੇ ਦੇਸ ਦੀ ਮੌਨਸੂਨ ਨੂੰ !

**ਔਰਤ ਸੂਤਰਧਾਰ:** ਸੁਣਾਇਆ ਸੀ ਬ੍ਰਿਤਾਂਤ ਵੱਧਦੇ ਤਾਪਮਾਨ ਕਾਰਨ ਗਲੇਸ਼ੀਅਰਾਂ ਦੇ ਪਿਘਲਣ ਕਰਕੇ ਸਾਗਰਾਂ ਦੇ ਉਛਾਲ ਦਾ !

**ਮਰਦ ਸੂਤਰਧਾਰ:**ਮਾਲਦੀਪ ਵਰਗੇ ਟਾਪੂ ਦੇਸਾਂ ਦਾ ਤੇ ਗੋਆ ਮੁੰਬਈ ਚਿਨਈ ਦੇ ਤੱਟੀ ਖੇਤਰਾਂ ਦੇ ਜਲ ਮਗਨ ਹੋਣ ਦੇ ਖਤਰੇ ਦਾ !

**ਔਰਤ ਸੂਤਰਧਾਰ:**ਬ੍ਰਿਤਾਂਤ ਸੀ ਜਲਵਾਯੂ ਬਦਲਾਅ ਦੇ ਖੇਤੀ ਅਤੇ ਭੋਜਨ ਸਥਿਤੀ ‘ਤੇ ਪੈਣ ਵਾਲੇ ਦੁਰਪ੍ਰਭਾਵਾਂ ਦਾ !

**ਔਰਤ ਸੂਤਰਧਾਰ:** ਅੱਜ ਸੁਣਾਵਾਂਗੇ ਕਹਾਣੀ ਜਲਵਾਯੂ ਬਦਲਾਅ ਦਸੇ ਲਈ ਉਪਚਾਰਾਂ ਦੀ !

**ਮਰਦ ਸੂਤਰਧਾਰ:** ਹੋਵੇਗੀ ਚਰਚਾ ਇਸ ਬਦਲਾਅ ਬਾਬਤ ਪ੍ਰਤੀਕਿਰਿਆ ਵਾਸਤੇ ਘੜੀਆਂ ਜਾਣ ਵਾਲੀਆਂ ਨੀਤੀਆਂ ਦੀ !

**ਔਰਤ ਸੂਤਰਧਾਰ:** ਕਹਾਣੀ, ਸੰਸਾਰ ਭਰ ਦੀ ਇੱਕ ਮੁੱਠਤਾ ਦੀ ਇਸ ਮੁੱਦੇ ‘ਤੇ ! ਭਾਰਤ ਵੱਲੋਂ ਚੁੱਕੇ ਕਦਮਾਂ ਦੀ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ – “**ਚਲਦੀ ਰਹੇ ਇਹ ਜਿੰਦਗੀ**” ਦੀ 29ਵੀਂ ਕੜੀ ,“ **ਜਲਵਾਯੂ ਪਰਿਵਰਤਨ – ਪ੍ਰਤੀਕਿਰਿਆ ਨੀਤੀਆਂ**” ਇਉਂ ਪੇਸ਼ ਕਰਦੇ ਨੇ ਸਾਡੇ ਕਲਾਕਾਰ! ਸੁਣੋ ! ਸੁਣੋ! ਸੁਣੋ ਬ੍ਰਿਤੀਆਂ ਕਰਕੇ ਇਕਾਗਰ ਗੱਲਾਂ ਇਹ ਕੰਮ ਦੀਆਂ, ਮਨੁੱਖਤਾ ਨੂੰ ਬਚਾਉਣ ਦੀਆਂ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

…………**ਕੜੀ ਦਾ ਸੰਗੀਤ**…………

**ਸਿਰਲੇਖ ਧੁਨੀ ……………………………….ਮੱਧਮ ਪੈਂਦੀ ਹੈ**

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ –ਪਹਿਲਾ**

**(ਡਾ. ਸੂਰਜ ਦਾ ਘਰ। ਡਾ. ਸੂਰਜ , ਰਾਹੁਲ ਤੇ ਸੁਰਜੀਤ ਜਲਵਾਯੂ ਪਰਿਵਰਤਨ ‘ਤੇ ਹੋਏ ਸੈਮੀਨਾਰ ਤੋਂ ਵਾਪਿਸ ਆਏ ਹਨ।)**

**ਸੁਰਜੀਤ:** ਮੰਮੀ, ਅੱਜ ਤਾਂ ਮਜ਼ਾ ਆ ਗਿਆ ਜਲਵਾਯੂ ਪਰਿਵਰਤਨ ਸੈਮੀਨਾਰ ਵਿਚ ਤੁਸੀਂ ਵੀ ਚੱਲਦੇ ਤਾਂ ਚੰਗਾ ਹੁੰਦਾ.. ਬਹੁਤ ਕੁਝ ਮਿਸ ਕਰ ਦਿੱਤਾ ਤੁਸੀਂ ਤਾਂ !

**ਧਨਵੰਤ:** ਅੱਛਾ… ਅਜਿਹਾ ਕੀ ਗਵਾ ਦਿੱਤਾ ਮੈਂ … ਮੈਨੂੰ ਵੀ ਦੱਸੋ ਜਰਾ…!

**ਸੁਰਜੀਤ:** ਲੰਚ ਮਗਰੋਂ ਮਿਲੀ ਆਈਸਕ੍ਰੀਮ… ਸੱਚੀਂ ਬਹੁਤ ਸਵਾਦ ਸੀ….. ਵਾਹ!..ਵਾ..ਵਾ…

**(ਸਾਰੇ ਹੱਸਦੇ ਹਨ)**

**ਰਾਹੁਲ:** ਮੰਮੀ…ਇਸ ਤੋਂ ਜ਼ਿਆਦਾ ਨਾ ਪੁੱਛੋ ! ਨਹੀਂ ਤਾਂ ਇਹ ਖਾਣੇ ਦਾ ਪਿਟਾਰਾ ਖੋਲ੍ਹ ਕੇ ਬੈਠ ਜਾਏਗੀ… ਦਰ ਅਸਲ ਸਾਨੂੰ ਉਥੇ ਜਲਵਾਯੂ ਪਰਿਵਰਤਨ ਦੇ ਬਾਰੇ ਬਹੁਤ ਕੁਝ ਨਵਾਂ ਜਾਣਨ ਤੇ ਸਮਝਣ ਦਾ ਮੌਕਾ ਮਿਲਿਆ….!

**ਸੁਰਜੀਤ:**ਹਾਂ ਮੰਮੀ... ! ਮੈਨੂੰ ਤਾਂ ਇਹ ਗੱਲ ਬਹੁਤ ਵਧੀਆ ਤਰੀਕੇ ਨਾਲ ਸਮਝ ਆ ਗਈ ਕਿ ਜੇਕਰ ਅਸੀਂ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨੂੰ ਕਿਸੇ ਤਰ੍ਹਾਂ ਘੱਟ ਤੋਂ ਘੱਟ ਕਰ ਦਈਏ ਤਾਂ ਧਰਤੀ ਦੇ ਵਧਦੇ ਤਾਪਮਾਨ 'ਤੇ ਰੋਕ ਲੱਗ ਸਕਦੀ ਹੈ...।

**ਸੂਰਜ:** ਵੈਰੀ ਗੁਡ... ਸੁਰਜੀਤ, ਤੂੰ ਤਾਂ ਬਹੁਤ ਸਹੀ ਨਤੀਜਾ ਕੱਢਿਆ... ਸ਼ਾਬਾਸ਼!

**ਸੁਰਜੀਤ:**ਧੰਨਵਾਦ ਡੈਡੀ... ਇਕ ਤੁਸੀਂ ਹੀ ਤਾਂ ਹੋ ਜਿਨ੍ਹਾਂ ਨੂੰ ਮੇਰੇ ਟੇਲੈਂਟ ( ਪ੍ਰਤਿਭਾ ) ਦੀ ਕਦਰ ਹੈ...।

(ਸਾਰੇ ਹੱਸਦੇ ਹਨ)

**ਰਾਹੁਲ:** ਪਰ ਡੈਡੀ! ਅਸਲ ਗੱਲ ਤਾਂ ਹੈ ਕਿ ਇਸ ਪਤੇ ਦੀ ਗੱਲ ਤੱਕ ਪਹੁੰਚਣ ਦਾ ਪਤਾ ਕੀ ਹੈ...ਮਤਲਬ ਰਸਤਾ ਕੀ ਹੈ...?

**ਮੰਮੀ:** (ਹੱਸਦੇ ਹੋਏ): ਇਹ ਵੀ ਪਤੇ ਦੀ ਗੱਲ ਹੀ ਹੈ !

(ਸਾਰੇ ਹੱਸਦੇ ਹਨ)

**ਸੂਰਜ:** ਹਾਂ ਰਾਹੁਲ ! ਦਰਅਸਲ ਇਹ ਆਖਣਾ ਬਹੁਤ ਅਸਾਨ ਹੈ ਕਿ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨੂੰ ਘੱਟ ਕੀਤਾ ਜਾਵੇ.... ਪਰ ਹਕੀਕਤ ਵਿਚ ਇਹ ਕੰਮ ਬਹੁਤ ਔਖਾ ਹੈ...

**ਧਨਵੰਤ:** ਹਾਂ...ਤੇਜ ਵਿਕਾਸ ਦੇ ਮੌਜੂਦਾ ਮਾਡਲ ਦੇ ਦੌਰ ਵਿਚ ਊਰਜਾ ਦੀ ਮੰਗ ਲਗਾਤਾਰ ਵਧ ਰਹੀ ਹੈ... ਜਿਸ ਕਰਕੇ ਦੁਨੀਆ ਵਿਚ ਬਿਜਲੀ ਉਤਪਾਦਨ ਜ਼ੋਰ ਫੜ ਰਿਹਾ ਏ...! ਮੋਟਰ-ਗੱਡੀਆਂ ਦੀ ਗਿਣਤੀ ਵੀ ਤੇਜੀ ਨਾਲ ਵਧ ਰਹੀ ਹੈ... ! ਇਹ ਵਰਤਾਰਾ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨੂੰ ਵਧਾਉਂਦਾ ਹੈ।

**ਸੁਰਜੀਤ:** ਪਰ ਮੰਮੀ, ਇਸ ਸਮੱਸਿਆ ਦਾ ਕੋਈ ਨਾ ਕੋਈ ਹੱਲ ਤੇ ਇਸ ਤੋਂ ਬਚਣ ਦਾ ਕੋਈ ਰਸਤਾ ਤਾਂ ਹੋਵੇਗਾ ਹੀ...!

**ਸੂਰਜ:** ਹਾਂ, ਹੈ! ਇਕ ਨਹੀਂ ਕਈ ਰਸਤੇ ਹਨ, ਪਰ ਇਨ੍ਹਾਂ 'ਤੇ ਚੱਲਣ ਦੀ ਪਹਿਲੀ ਸ਼ਰਤ ਹੈ ਕਿ ਦੁਨੀਆ ਦੇ ਸਾਰੇ ਦੇਸ਼ ਇਕੱਠੇ ਹੋ ਕੇ ਇਸ ਆਫ਼ਤ ਨੂੰ ਰੋਕਣ...ਕਿਉਂਕਿ ਇਹ ਸਮੱਸਿਆ ਕਿਸੇ ਇਕ ਦੇਸ਼ ਦੀ ਨਹੀਂ, ਬਲਕਿ ਪੂਰੇ ਧਰਤ ਗ੍ਰਹਿ ਦੀ ਹੈ।

**ਰਾਹੁਲ:** ਹਾਂ ਡੈਡੀ... ਗ੍ਰੀਨ ਹਾਊਸ ਗੈਸਾਂ ਦੇਸ਼ਾਂ ਦੀਆਂ ਸੀਮਾਵਾਂ ਨੂੰ ਤਾਂ ਮੰਨਦੀਆਂ ਨਹੀਂ... ਇਹ ਤਾਂ ਬਸ ਧਰਤੀ ਦੇ ਵਾਯੂ ਮੰਡਲ ਵਿਚ ਘੁਲਦੀਆਂ ਰਹਿੰਦੀਆਂ ਹਨ... ਹਵਾ ਦੇ ਨਾਲ ਵਹਿੰਦੀਆਂ ਰਹਿੰਦੀਆਂ ਹਨ।

**ਸੁਰਜੀਤ:** ਯਾਦ ਆਇਆ... ਇਸ 'ਤੇ ਇਕ ਵਧੀਆ ਗੀਤ ਵੀ ਤਾਂ ਹੈ...(ਗੁਨਗੁਣਾਉਂਦੀ ਹੈ) "ਪੰਛੀ, ਨਦੀਆਂ, ਪਵਨ ਕੇ

ਝੋਕੇ, ਕੋਈ ਸਰਹੱਦ ਨਾ ਇਨਕੋ ਰੋਕੇ...! ਕੋਈ ਸਰਹੱਦ ਨਾ ਇਨਕੋ ਰੋਕੇ...!"

(ਸਾਰੇ ਹੱਸਦੇ ਹਨ)

**ਧਨਵੰਤ:** ਬਿਲਕੁਲ ਠੀਕ! ਇਸੇ ਲਈ ਤਾਂ ਸੰਯੁਕਤ ਰਾਸ਼ਟਰ ਨੇ ਇਸ ਮੁੱਦੇ 'ਤੇ ਸਾਰੇ ਦੇਸ਼ਾਂ ਨੂੰ ਇਕੱਠੇ ਹੋ ਕੇ ਇਕ-ਦੂਜੇ ਨਾਲ ਮਿਲ ਕੇ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ ਹੈ...।

**ਸੂਰਜ:** ਹਾਂ, ਅਜਿਹੀ ਪਹਿਲੀ ਕੋਸ਼ਿਸ਼ ਸੰਨ 1992 ਵਿਚ ਬ੍ਰਾਜ਼ੀਲ ਦੇ ਸ਼ਹਿਰ ਰਿਓ-ਡੀ-ਜੇਨੀਰੋ ਵਿਚ ਕੀਤੀ ਗਈ ਸੀ। ਇਥੇ ਸੰਯੁਕਤ ਰਾਸ਼ਟਰ ਨੇ ਇਕ ਵਿਸ਼ਾਲ ਧਰਤੀ-ਸੰਮੇਲਨ ਆਯੋਜਿਤ ਕੀਤਾ, ਜਿਸ ਵਿਚ 150 ਦੇਸ਼ਾਂ ਦੇ 40 ਹਜ਼ਾਰ ਪ੍ਰਤੀਨਿਧੀਆਂ ਨੇ ਭਾਗ ਲਿਆ ਸੀ...।

**ਰਾਹੁਲ:** ਅੱਛਾ... ਐਨਾ ਵੱਡਾ ਸੰਮੇਲਨ...! ਕੀ ਤੈਅ ਹੋਇਆ ਉਥੇ...?

**ਧਨਵੰਤ**: (ਹੱਸਦੇ ਹੋਏ): ਤੈਅ ਕੁਝ ਖ਼ਾਸ ਨਹੀਂ ਹੋਇਆ...ਕਿਉਂਕਿ ਵਿਕਸਿਤ ਤੇ ਵਿਕਾਸਸ਼ੀਲ ਦੇਸ਼ ਅਲੱਗ-ਅਲੱਗ ਗੁੱਟਾਂ ਵਿਚ ਵੰਡੇ ਗਏ! ਇਕ-ਦੂਜੇ ਨੂੰ ਗਲੋਬਲ ਵਾਰਮਿੰਗ (ਵਿਸ਼ਵ ਤਪਸ) ਲਈ ਜ਼ਿੰਮੇਦਾਰ ਕਹਿਣ ਲੱਗੇ... ਦੋਸ਼ ਲਗਾਉਣ ਲੱਗੇ...।

**ਸੁਰਜੀਤ:** ਮਤਲਬ ਐਨੀ ਵੱਡੀ ਉੱਚੀ ਦੁਕਾਨ.....ਫਿਰ ਵੀ ਫਿੱਕਾ ਨਿਕਲਿਆ ਪਕਵਾਨ...!

**(ਸਾਰੇ ਹੱਸਦੇ ਹਨ)**

**ਡਾ. ਮਨਪ੍ਰੀਤ: (ਪ੍ਰਵੇਸ਼ ਕਰਦੇ ਹੋਏ।):** ਕੀ ਗੱਲ ਆ... ਕਿਉਂ ਹੱਸ ਰਹੇ ਹੋ....

**ਧਨਵੰਤ:** ਆਉ-ਆਉ ਡਾ. ਮਨਪ੍ਰੀਤ! ਬਸ ਸਮਝੋ ਕਿ ਇਥੇ ਵੀ ਛੋਟਾ-ਮੋਟਾ ਸੈਮੀਨਾਰ ਚੱਲ ਰਿਹਾ ਹੈ...

**(ਸਾਰੇ ਹੱਸਦੇ ਹਨ)**

**ਡਾ. ਮਨਪ੍ਰੀਤ**: ਤੇ ਮੁੱਦਾ ਵੀ ਤਾਂ ਉਹੀ ਹੋਵੇਗਾ... ਜਲਵਾਯੂ ਪਰਿਵਰਤਨ...! ਗਲੋਬਲ ਵਾਰਮਿੰਗ...!

**ਸੂਰਜ**: ਹਾਂ, ਬਿਲਕੁਲ ਠੀਕ ਸਮਝਿਆ ਤੁਸੀਂ ਡਾ. ਮਨਪ੍ਰੀਤ... ਇਹ ਗੱਲ ਕਰ ਰਹੇ ਸਨ ਕਿ ਜਦੋਂ ਰਿਓ-ਡੀ-ਜੇਨੀਰੋ ਦੇ ਧਰਤ ਸੰਮੇਲਨ ਵਿਚ ਕੋਈ ਠੋਸ ਨਤੀਜਾ ਨਹੀਂ ਨਿਕਲਿਆ ਤਾਂ ਸੰਯੁਕਤ ਰਾਸ਼ਟਰ ਨੇ ਇਕ-ਦੂਸਰੀ ਵੱਡੀ ਪਹਿਲ ਕੀਤੀ...।

**ਡਾ. ਮਨਪ੍ਰੀਤ**: ਹਾਂ! ਇਸ ਅੰਤਰਰਾਸ਼ਟਰੀ ਪਹਿਲ ਨੂੰ ਸੰਯੁਕਤ ਰਾਸਟਰ ਜਲਵਾਯੂ ਬਦਲਾਅ ਚੌਖਟਾ ਸੰਮੇਲਨ ( United Nations Framework Convention on Climate Change or UNFCC) ਕਿਹਾ ਗਿਆ। ਇਸਦਾ ਉਦੇਸ਼ ਸੀ ਵਾਯੂਮੰਡਲ ਵਿਚ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨੂੰ ਘੱਟ ਕਰਨਾ...!

**ਰਾਹੁਲ**: ਆਂਟੀ ! ਇਸ ਚੌਖਟਾ ਸੰਮੇਲਨ ਵਿਚ ਵੀ ਤਾਂ ਬਹੁਤ ਸਾਰੇ ਦੇਸ਼ ਹੋਣਗੇ.... ਤਾਂ ਹੀ ਤਾਂ ਗੱਲ ਬਣੇਗੀ !

**ਡਾ.ਮਨਪ੍ਰੀਤ**: ਹਾਂ ! UNFCC ਵਿਚ 197 ਦੇਸ਼ ਸ਼ਾਮਿਲ ਨੇ... ਹਰ ਸਾਲ ਇਨ੍ਹਾਂ ਦੀ ਬੈਠਕ ਹੁੰਦੀ ਹੈ, ਜਿਸ ਨੂੰ ਸ਼ਾਮਲ ਧਿਰਾਂ ਦਾ ਸੰਮੇਲਨ (Conference of Parties or COP) ਕਿਹਾ ਜਾਂਦਾ ਹੈ...। ਇਸ ਵਿਚ ਵਾਤਾਵਰਣ ਦੀ ਬਦਲਦੀ ਹੋਈ ਦਸ਼ਾ ਦੇ ਹਿਸਾਬ ਨਾਲ ਨਵੀਆਂ ਨੀਤੀਆਂ ਤੇ ਨਵੇਂ ਟੀਚੇ ਤੈਅ ਕੀਤੇ ਜਾਂਦੇ ਹਨ।

**ਸੁਰਜੀਤ:** ਆਂਟੀ, ਮੈਨੂੰ ਇਸ ਗੱਲ ਤੋਂ ਕੁਝ-ਕੁਝ ਯਾਦ ਆ ਰਿਹਾ ਹੈ...ਦੋ ਸਾਲ ਪਹਿਲਾਂ ਦੀ ਗੱਲ ਹੈ...ਕੁਝ ਹੋਇਆ ਸੀ ਉਥੇ, ਜਿਥੇ ਐਫਿਲ ਟਾਵਰ ਹੈ...ਹਾਂ...ਹਾਂ... ਯਾਦ ਆਇਆ ਪੈਰਿਸ ਵਿਚ... ਕੀ ਹੋਇਆ ਸੀ... ਕੀ ਹੋਇਆ ਸੀ...

**ਰਾਹੁਲ:** ਆਪਣੇ ਦਿਮਾਗ 'ਤੇ ਜ਼ਿਆਦਾ ਜ਼ੋਰ ਨਾ ਪਾ... ਪੈਰਿਸ ਵਿਚ ਨਵੰਬਰ, 2015 ਵਿਚ ਸ਼ਾਮਲ ਧਿਰਾਂ ਦਾ ਸੰਮੇਲਨ (Conference of Parties) ਕੀਤਾ ਗਿਆ ਸੀ... ਇਸ ਵਿਚ ਸਾਡੇ ਪ੍ਰਧਾਨ ਮੰਤਰੀ ਵੀ ਗਏ ਸਨ।

**ਸੂਰਜ:**ਵਾਹ ਰਾਹੁਲ, ਤੈਨੂੰ ਤਾਂ ਚੰਗੀ ਤਰ੍ਹਾਂ ਯਾਦ ਏ...ਇਸ ਵਿਚ 195 ਦੇਸ਼ਾਂ ਨੇ ਯੋਗਦਾਨ ਪਾਇਆ ਅਤੇ ਇਕ ਸਮਝੌਤਾ ਤਿਆਰ ਕੀਤਾ ਗਿਆ ਸੀ, ਜਿਸ ਦਾ ਆਖਣਾ ਏ ਕਿ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਮਿਲ ਕੇ ਇਹ ਕੋਸ਼ਿਸ਼ ਕਰਨੀ ਹੋਵੇਗੀ ਕਿ ਧਰਤੀ ਦਾ ਤਾਪਮਾਨ ਡੇਢ ਡਿਗਰੀ ਸੈਲਸ਼ੀਅਸ ਤੋਂ ਉੱਪਰ ਨਾ ਜਾਵੇ...।

**ਧਨਵੰਤ**: ਇਹ ਸਮਝੌਤਾ **ਪੈਰਿਸ ਸਮਝੋਤੇ** ਦੇ ਨਾਮ ਨਾਲ ਪ੍ਰਸਿੱਧ ਹੈ ਅਤੇ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਨੇ ਇਸਨੂੰ ਮੰਨ ਲਿਆ ਏ... ਇਸ 'ਤੇ ਦਸਤਖ਼ਤ ਕਰ ਦਿੱਤੇ ਹਨ...ਤੇ ਹਰ ਦੇਸ਼ ਆਪਣੇ-ਆਪਣੇ ਪੱਧਰ 'ਤੇ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਵਿਚ ਕਮੀ ਲਿਆਉਣ ਲਈ ਯਤਨਸ਼ੀਲ ਹੈ !

**ਡਾ. ਮਨਪ੍ਰੀਤ:** ਕੀ ਤੁਹਾਨੂ ਪਤਾ ਹੈ ਕਿ ਅੱਜ ਮੈਨੂੰ ਇਥੇ ਕਿਸ ਨੇ ਬੁਲਾਇਆ ਏ ?

**ਧਨਵੰਤ:** ਕਿਸ ਨੇ?

**ਡਾ. ਮਨਪ੍ਰੀਤ:** ਰਾਹੁਲ ਨੇ...ਮੈਂ ਸੋਚਿਆ ਕੇ ਕੁਝ ਖ਼ਾਸ ਪ੍ਰਬੰਧ ਹੋਣਗੇ, ਪਰ ਇਥੇ ਤਾਂ ਸਾਰਾ ਕੁਝ ਸੁੱਕਾ ਸੁੱਕਾ ਲੱਗ ਰਿਹਾ ਏ !

**ਰਾਹੁਲ:** ਨਹੀਂ ਆਂਟੀ... ਮੈਂ ਸਮੋਸੇ ਲਿਆ ਰੱਖੇ ਹਨ...।

**ਧਨਵੰਤ:** ਹਾਂ..ਹਾਂ... ਮੈਂ ਲਿਆਉਂਦੀ ਹਾਂ ਹੁਣੇ ਚਾਹ ਦੇ ਨਾਲ... ਤਦ ਤੱਕ ਤੁਸੀਂ ਕਰੋ ਗੱਲਾਂ ਬਾਤਾਂ !

**ਸੁਰਜੀਤ:** ਨਾ...ਨਾ... ਇਹ ਚਰਚਾ ਤਾਂ ਚਾਹ-ਸਮੋਸੇ ‘ਤੇ ਹੀ ਜਮੇਗੀ...ਤਦ ਤੱਕ ਸਟ੍ਰਾਈਕ...ਹੜਤਾਲ...!

**(ਸਾਰੇ ਹੱਸਦੇ ਹਨ)**

**(ਦ੍ਰਿਸ਼ ਪਰਿਵਰਤਨ ਸੰਗੀਤ)**

**ਡਾ. ਮਨਪ੍ਰੀਤ:** ਵਾਹ! ਸਮੋਸੇ ਤਾਂ ਬਹੁਤ ਹੀ ਸਵਾਦ ਨੇ.. ਚਾਹ ਉਸ ਤੋਂ ਵੀ ਵਧੀਆ...!

**ਧਨਵੰਤ:** ਹੁਣ ਹੜਤਾਲ ਖ਼ਤਮ...!

**ਰਾਹੁਲ:** ਉਹ ਤਾਂ ਖ਼ਤਮ ਹੋਣੀ ਹੀ ਸੀ...ਹੁਣ ਦੇਖਿਓ... ਕਿਵੇਂ-ਕਿਵੇਂ ਦੇ ਸਵਾਲ ਛੱਡੇਗੀ...

**(ਸਾਰੇ ਹੱਸਦੇ ਹਨ)**

**ਸੁਰਜੀਤ:** ਆਂਟੀ, ਭਾਰਤ ਨੇ ਵੀ ਤਾਂ ਪੈਰਿਸ ਸਮਝੌਤੇ ‘ਤੇ ਦਸਤਖ਼ਤ ਕੀਤੇ ਹੋਣਗੇ... ਅਸੀਂ ਵੀ ਤਾਂ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਘੱਟ ਕਰਨ ਲਈ ਕੁਝ ਟੀਚੇ ਮਿੱਥੇ ਹੋਣਗੇ... ਕੋਈ ਪ੍ਰੋਗਰਾਮ ਉਲੀਕਿਆ ਹੋਵੇਗਾ...!

**ਡਾ. ਮਨਪ੍ਰੀਤ:** ਸੁਰਜੀਤ, ਕੱਲ੍ਹ ਸੈਮੀਨਾਰ ਵਿਚ ਇਸੇ ਮੁੱਦੇ ‘ਤੇ ਇਕ ਸਟੂਡੈਂਟ ਸ਼ੈਸ਼ਨ ਹੋ ਰਿਹਾ ਏ...ਭਾਵ ਭਾਰਤ ਜਲਵਾਯੂ ਪਰਿਵਰਤਨ ਨਾਲ ਨਿਬੜਨ ਲਈ ਕੀ ਕਰ ਰਿਹਾ ਹੈ... ਕਿਹੜੇ ਕਦਮ ਪੁੱਟੇ ਗਏ ਹਨ.. ਵਗੈਰਾ...ਵਗੈਰਾ...

**ਧਨਵੰਤ:** ਤਾਂ ਤਾਂ ਰਾਹੁਲ ਤੇ ਸੁਰਜੀਤ ਦੋਵੇਂ ਚਲੇ ਜਾਣਗੇ !

**ਸੂਰਜ:** ਹਾਂ, ਇਹ ਠੀਕ ਰਹੇਗਾ... ਪਰ ਪਹਿਲਾਂ ਇਕ ਅੰਤਰਰਾਸ਼ਟਰੀ ਕੋਸ਼ਿਸ਼ ਬਾਰੇ ਵੀ ਜਾਣ ਲਵੋ...!

**ਰਾਹੁਲ:** ਉਹ ਕਿਹੜੀ...?

**ਸੂਰਜ:** ਇਹ ਅੰਤਰਰਾਸ਼ਟਰੀ ਸੰਧੀ **ਕਿਉਟੋ ਪ੍ਰੋਟੋਕੋਲ** ਦੇ ਨਾਂ ਨਾਲ ਪ੍ਰਸਿੱਧ ਹੈ, ਕਿਉਂਕਿ ਇਹ 1997 ਵਿੱਚ ਜਪਾਨ ਦੇ ਕਿਉਟੋ ਸ਼ਹਿਰ ਵਿਚ ਇਕ ਵਿਸ਼ਾਲ ਸੰਮੇਲਨ ਦੇ ਬਾਅਦ ਤਿਆਰ ਕੀਤੀ ਗਈ ਸੀ...!

**ਸੁਰਜੀਤ:** ਕੀ ਇਸ ਵਿਚ ਤੈਅ ਕੀਤਾ ਗਿਆ ਕਿ ਇਹ ਸਾਰੇ ਦੇਸ਼ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਘੱਟ ਕਰਨਗੇ ?

**ਡਾ. ਮਨਪ੍ਰੀਤ:** ਹਾਂ ! 2005 ਤੋਂ ਜਲਵਾਯੂ ਬਾਬਤ ਸੰਸਾਰ ਪੱਧਰ ‘ਤੇ ਕਾਨੂੰਨੀ ਤੌਰ ‘ਤੇ ਪਾਬੰਦ ਕਰਨ ਵਾਲੀ ਇਹ ਪਹਿਲੀ ਸੰਧੀ ਹੈ ! ਇਥੇ ਤੈਅ ਹੋਇਆ ਕਿ ਸਾਰੇ ਉਦਯੋਗਿਕ ਦੇਸ਼ ਗ੍ਰੀਨ ਹਾਊਸ ਗੈਸਾਂ ਦੇ ਆਪਣੇ ਉਤਸਰਜਨ ਵਿਚ ਸੰਨ 1990 ਦੇ ਮੁਕਾਬਲੇ 5% ਦੀ ਕਟੌਤੀ ਕਰਨਗੇ ! ਇਸ ਟੀਚੇ ਨੂੰ ਪੂਰਾ ਕਰਨ ਲਈ ਸੰਨ 2008 ਤੋਂ 2012 ਤੱਕ ਦਾ ਸਮਾਂ ਦਿੱਤਾ ਗਿਆ...।

**ਰਾਹੁਲ:** ਤਾਂ ਤੇ ਇਸ ਦੇ ਨਤੀਜੇ ਬਹੁਤ ਚੰਗੇ ਨਿਕਲੇ ਹੋਣਗੇ?

**ਧਨਵੰਤ:** ਕਿੱਥੇ ! ਚੰਗੇ ਨਤੀਜੇ ਹੁੰਦੇ ਤਾਂ ਅੱਜ ਦੁਨੀਆਂ ਦੀ ਪ੍ਰੇਸ਼ਾਨੀ ਕੁਝ ਘੱਟ ਨਾ ਹੁੰਦੀ ?

**ਸੂਰਜ**: ਹਾਂ ! ਪਰ ਕਿਉਟੋ ਪ੍ਰੋਟੋਕਾਲ ਵਿਚ ਵਿਕਸਿਤ ਦੇਸ਼ਾਂ ਦੇ ਲਈ ਟੀਚੇ ਮਿੱਥੇ ਗਏ ਸੀ ! ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਨੂੰ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਘੱਟ ਕਰਨ ਦੀ ਕੇਵਲ ਸਲਾਹ ਦਿੱਤੀ ਗਈ ਸੀ।

**ਡਾ. ਮਨਪ੍ਰੀਤ**: ਅਮਰੀਕਾ ਨੇ ਇਸ ਨੂੰ ਮੰਨਿਆ ਹੀ ਨਹੀਂ! ਕਾਰਬਨ ਪ੍ਰਦੂਸ਼ਣ ਦੀ ਦਰ ਵਧੀ ਹੈ , ਸੱਭ ਤੋਂ ਜਿਅਦਾ ਵਾਧਾ ਹੋਇਆ ਹੈ ਅਮਰੀਕਾ ਤੇ ਕੈਨੇਡਾ ਵਿੱਚ ! ਵਿਕਸਿਤ ਦੇਸਾਂ ਨੇ ਜਲਵਾਯੂ ਪਰਿਵਰਤਨ ਰੋਕਣ ਵਾਸਤੇ ਕੋਈ ਵੱਡਾ ਕਦਮ ਨਹੀਂ ਪੁਟਿਆ!

**ਧਨਵੰਤ:** ਹੁਣ ਕਿਉਟੋ ਪ੍ਰੋਟੋਕਾਲ ਦਾ ਪ੍ਰੋਗਰਾਮ ਨੂੰ ਦੋਹਾ ਬੈਠਕ ਵਿੱਚ 2020 ਤੱਕ ਵਧਾ ਦਿੱਤਾ ਗਿਆ ਹੈ... ਪਰ ਜੇਕਰ ਜ਼ਮੀਨੀ ਹਕੀਕਤ ਨੂੰ ਦੇਖਿਆ ਜਾਵੇ, ਤਾਂ ਹੁਣ ਪੈਰਿਸ ਸਮਝੌਤਾ ਜ਼ਿਆਦਾ ਕਾਰਗਰ ਸਿੱਧ ਹੋ ਰਿਹਾ ਹੈ।

**ਸੁਰਜੀਤ:** ਆਂਟੀ, ਇਕ ਸਵਾਲ ਹੋਰ !

**ਡਾ. ਮਨਪ੍ਰੀਤ**: ਦੱਸ! ਜਲਦੀ ਦੱਸ ! ਸਵਾਲਾਂ ਦਾ ਦਿਮਾਗ ਵਿਚ ਜ਼ਿਆਦਾ ਦੇਰ ਉਛਲਣਾ ਸਿਹਤ ਦੇ ਲਈ ਠੀਕ ਨਹੀਂ ਹੁੰਦਾ!

(ਸਾਰੇ ਹੱਸਦੇ ਹਨ)

**ਸੁਰਜੀਤ**: ਤੁਸੀਂ ਦੱਸਿਆ ਕਿ UNFCC ਦੀ ਬੈਠਕ ਹਰ ਸਾਲ ਹੁੰਦੀ ਹੈ, ਜਿਸ ਵਿਚ ਸਾਰੇ ਦੇਸ਼ ਭਾਗ ਲੈਂਦੇ ਹਨ...2015 ਵਿਚ ਤਾਂ ਇਹ ਬੈਠਕ ਪੈਰਿਸ ਵਿਚ ਹੋ ਗਈ ਪਰ 2016 ਦੀ ਬੈਠਕ ਦਾ ਕੀ ਬਣਿਆ... ਕਿੱਥੇ ਹੋਈ...?

**ਡਾ. ਮਨਪ੍ਰੀਤ**:2016 ਦੀ ਬੈਠਕ ਨਵੰਬਰ ਦੇ ਮਹੀਨੇ ਮੋਰੱਕੋ ਦੇ ਸ਼ਹਿਰ'ਮਾਰਕੇਸ਼' ਵਿਚ ਹੋਈ।ਇਥੇ ਕਿਉਟੋ ਪ੍ਰੋਟੋਕਾਲ ਦੇ ਟੀਚਿਆਂ 'ਤੇ ਚਰਚਾ ਹੋਈ ਅਤੇ ਤੈਅ ਕੀਤਾ ਗਿਆ ਕਿ 2018 ਤੱਕ ਸਾਰੇ ਦੇਸ਼ਾਂ ਨੂੰ ਆਪਣੇ ਆਪਣੇ ਦੇਸ਼ਾਂ ਵਿਚ ਪੈਰਿਸ ਸਮਝੌਤਾ ਲਾਗੂ ਕਰਨ ਨਾਲ ਸਬੰਧਿਤ ਸਾਰੇ ਫੈਸਲੇ ਕਰ ਲੈਣੇ ਚਾਹੀਦੇ ਹਨ, ਦਸੰਬਰ 2016 ਤੱਕ 132 ਦੇਸਾਂ ਨੇ ਇਸ ਤੇ ਸਹੀ ਪਾ ਦਿੱਤੀ ਸੀ ।

**ਸੂਰਜ:** ਹਾਂ ! ਜਿੰਨਾਂ ਸਮਾਂ ਗੁਜ਼ਰਦਾ ਜਾਵੇਗਾ, ਅਸੀਂ ਗਲੋਬਲ ਵਾਰਮਿੰਗ ਦੀ ਆਫ਼ਤ ਵਿਚ ਉਨ੍ਹਾਂ ਹੀ ਜ਼ਿਆਦਾ ਫਸਦੇ ਜਾਵਾਂਗੇ !

**ਧਨਵੰਤ:** ਮੈਨੂੰ ਲੱਗਦਾ ਏ ਕਿ ਸਾਨੂੰ ਇਕ ਹੋਰ ਅੰਤਰਰਾਸ਼ਟਰੀ ਸੰਧੀ ਬਾਬਤ ਵੀ ਚਰਚਾ ਕਰਨੀ ਚਾਹੀਦੀ ਹੈ... ਕਿਉਂਕਿ ਉਹ ਵੀ ਕਿਤੇ ਨਾ ਕਿਤੇ ਧਰਤੀ ਦੇ ਵਾਤਾਵਰਣ ਨਾਲ ਜੁੜੀ ਹੈ.. ਜਲਵਾਯੂ ਪਰਿਵਰਤਨ ਨਾਲ ਜੁੜੀ ਹੈ..।

**ਸੂਰਜ:** ਕਿਹੜੀ ਹੋਰ ਸੰਧੀ ? ਸਾਫ਼-ਸਾਫ਼ ਦੱਸੋ ਨਾ !

**ਧਨਵੰਤ:** ਮਾਂਟ੍ਰੀਅਲ ਪ੍ਰੋਟੋਕਾਲ...

**ਡਾ. ਮਨਪ੍ਰੀਤ**: ਅੱਛਾ! ਮਾਂਟ੍ਰੀਅਲ ਪ੍ਰੋਟੋਕਾਲ... ਤੁਸੀਂ ਬਿਲਕੁਲ ਸਹੀ ਯਾਦ ਕਰਵਾਇਆ... 1987 ਵਿਚ ਹੋਈ ਇਸ ਸੰਧੀ ਨੂੰ 1989 ਵਿਚ ਲਾਗੂ ਕੀਤਾ ਗਿਆ। ਇਸ ਦਾ ਮਕਸਦ ਓਜ਼ੋਨ ਪਰਤ ਨੂੰ ਬਚਾਉਣਾ ਸੀ..। ਇਸ ਦਾ ਸੁਰੱਖਿਅਣ ਕਰਨਾ ਸੀ, ਜਿਸ ਨਾਲ ਸੂਰਜ ਦੀਆਂ ਹਾਨੀਕਾਰਕ ਪੈਰਾਬੈਂਗਨੀ ਕਿਰਨਾਂ ਧਰਤੀ ਤੱਕ ਨਾ ਪਹੁੰਚ ਸਕਣ।

**ਸੁਰਜੀਤ**: ਆਂਟੀ, ਸਾਡੇ ਸਕੂਲ ਵਿਚ ਹਰ ਸਾਲ 16 ਸਤੰਬਰ ਨੂੰ ਓਜ਼ੋਨ ਪਰਤ ਦਿਵਸ ਮਨਾਇਆ ਜਾਂਦਾ ਹੈ! ਸਾਇੰਸ ਮੈਡਮ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਰਸਾਇਣਾਂ... ਕੀ ਨਾਮ ਹੈ ਉਨ੍ਹਾਂ ਦਾ... ਕੀ ਨਾਂ...!

**ਰਾਹੁਲ(ਟੋਕ ਕੇ):** ਸੀ.ਐਫ.ਸੀ... ਕਲੋਰੋ ਫਲੋਰੋ ਕਾਰਬਨ..।

**ਸੁਰਜੀਤ:** ਹਾਂ...ਹਾਂ... ਇਹੀ...! ਭਾਰਤ ਨੇ ਇਨ੍ਹਾਂ ਦੇ ਉਤਪਾਦਨ ਅਤੇ ਵਰਤੋਂ 'ਤੇ 2010 ਵਿਚ ਹੀ ਪਾਬੰਦੀ ਲਗਾ

ਦਿੱਤੀ ਸੀ ! ਸਾਡੇ ਇੱਥੇ ਇਨ੍ਹਾਂ ਦੀ ਵਰਤੋਂ ਲਗਭਗ ਨਹੀਂ ਦੇ ਬਰਾਬਰ ਹੈ...।

**ਸੂਰਜ:** ਹਾਂ ! ਭਾਰਤ ਵੱਲੋਂ ਮਾਂਟ੍ਰੀਅਲ ਪ੍ਰੋਟੋਕਾਲ ਦੇ ਵਾਅਦੇ ਨੂੰ ਸਮੇਂ ਤੋਂ ਪਹਿਲਾਂ ਪੂਰਾ ਕਰ ਲੈਣ ਕਰਕੇ ਪੂਰੀ ਦੁਨੀਆਂ ਵਿਚ ਭਾਰਤ ਦੀ ਪ੍ਰਸ਼ੰਸਾ ਹੋ ਰਹੀ ਹੈ।

(ਦ੍ਰਿਸ਼ ਪਰਿਵਰਤਨ ਸੰਗੀਤ)

(ਕਈ ਵਿਦਿਆਰਥੀਆਂ ਦੀਆਂ ਆਪਸੀ ਗੱਲ-ਬਾਤ ਦੀਆਂ ਆਵਾਜ਼ਾਂ)

**ਆਕਾਸ਼:** ਪਿਆਰੇ ਵਿਦਿਆਰਥੀਓ, ਇਸ ਪ੍ਰੋਗਰਾਮ ਵਿਚ ਤੁਹਾਡਾ ਸਵਾਗਤ ਹੈ... ਮੇਰੇ ਨਾਲ ਨੇ ਡਾ. ਮਨਪ੍ਰੀਤ ਦੇਸ਼ ਦੇ ਇਕ ਮੰਨੇ ਪ੍ਰਮੰਨੇ ਵਾਤਾਵਰਨੀ ਮਾਹਿਰ...!

**ਡਾ. ਮਨਪ੍ਰੀਤ:** ਮੈਂ ਸਾਰਿਆਂ ਦਾ ਸਵਾਗਤ ਕਰਦੀ ਹਾਂ.. ਅੱਜ ਅਸੀਂ ਚਰਚਾ ਕਰਾਂਗੇ ਕਿ ਜਲਵਾਯੂ ਪਰਿਵਰਤਨ ਤੇ ਗਲੋਬਲ ਵਾਰਮਿੰਗ ਦੀ ਆਫ਼ਤ ਨਾਲ ਨਜਿੱਠਨ ਦੀ ਭਾਰਤ ਵਿਚ ਕੀ ਤਿਆਰੀ ਚੱਲ ਰਹੀ ਹੈ... ਕਿਹੜੇ ਕਦਮ ਪੁੱਟੇ ਗਏ ਹਨ... ਵਗੈਰਾ..।

**ਸੌਰਭ:** ਸਰ, ਸਾਡੇ ਪ੍ਰਧਾਂਨ ਮੰਤਰੀ ਜੀ ਨੇ ਕਿਹਾ ਹੈ ਕਿ ਸਾਨੂੰ ਸੂਰਜੀ ਊਰਜਾ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਐਲ.ਈ.ਡੀ. ਲਾਈਟਾਂ ਲਗਾਉਣੀਆਂ ਚਾਹੀਦੀਆਂ ਹਨ..

**ਸੁਰਜੀਤ:** ਇਸ ਨਾਲ ਕੀ ਹੋਵੇਗਾ ਸਰ...?

**ਡਾ.ਮਨਪ੍ਰੀਤ:** ਇਨ੍ਹਾਂ ਦੀ ਗੱਲ ਦਾ ਜਵਾਬ ਦੇਣ ਤੋਂ ਪਹਿਲਾਂ ਸੌਰਭ ਤੇ ਸੁਰਜੀਤ ਲਈ ਹੋ ਜਾਣ ਤਾੜੀਆਂ ?

**ਆਕਾਸ਼:** ਹਾਂ..ਹਾਂ...ਜ਼ਰੂਰ !

(ਤਾੜੀਆਂ ਦੀ ਜ਼ੋਰਦਾਰ ਆਵਾਜ਼)

**ਆਕਾਸ਼:** ਗ੍ਰੀਨ ਹਾਊਸ ਗੈਸਾਂ ਦਾ ਜ਼ਿਆਦਾਤਰ ਉਤਸਰਜਨ ਊਰਜਾ ਜਾਂ ਊਰਜਾ ਦੇ ਪਰੰਪਰਾਗਤ ਢੰਗ ਨਾਲ...ਭਾਵ ਕੋਲੇ ਤੋਂ ਬਿਜਲੀ ਉਤਪਾਦਨ ਦੇ ਕਾਰਨ ਹੁੰਦਾ ਏ...! ਦੂਸਰੀ ਵੱਡੀ ਵਜ੍ਹਾ ਹੈ ਮੋਟਰ ਵਾਹਨਾਂ ਵਿਚ ਪੈਟਰੋਲ-ਡੀਜ਼ਲ ਦੀ ਵਰਤੋਂ...! ਖਾਣਾ ਪਕਾਉਣ ਲਈ ਲੱਕੜ-ਕੋਲੇ ਦੀ ਵਰਤੋਂ.. ਵਗੈਰਾ...!

**ਡਾ. ਮਨਪ੍ਰੀਤ:** ਜੇਕਰ ਅਸੀਂ ਘੱਟ ਤੋਂ ਘੱਟ ਬਿਜਲੀ ਵਰਤੀਏ... ਜਾਂ ਊਰਜਾ ਲਈ ਨਵਿਆਉਣਯੋਗ ਸ੍ਰੋਤਾਂ ਦੀ ਵਰਤੋਂ ਕਰੀਏ ਤਾਂ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਵਿਚ ਕਮੀ ਆ ਸਕਦੀ ਹੈ...।

**ਸੌਰਭ:** ਮੈਡਮ... ਮੋਟਰ-ਕਾਰਾਂ... ਮੋਟਰਸਾਇਕਲਾਂ ਦੀ ਘੱਟ ਵਰਤੋਂ ਨਾਲ ਵੀ ਫਾਇਦਾ ਹੋਵੇਗਾ ?

**ਡਾ. ਮਨਪ੍ਰੀਤ:** ਹਾਂ...ਜ਼ਰੂਰ ਹੋਵੇਗਾ... ਕਿਉਂ ਜੋ ਇਹ ਵੀ ਤਾਂ ਪਥਰਾਹਟੀ ਬਾਲਣਾਂ ਦੀ ਬਹੁਤ ਜਿਆਦਾ ਖਪਤ ਕਰਦੇ ਨੇ !

**ਸੁਰਜੀਤ:** ਪਰ ਮੈਡਮ ! ਇਸ ਤਰ੍ਹਾਂ ਤਾਂ ਮੋਟਰ ਕਾਰਾਂ ਤੇ ਸਕੂਟਰ , ਮੋਟਰ ਸਾਈਕਲਾਂ ਦੇ ਕਾਰਖਾਨੇ ਬੰਦ ਹੋ ਜਾਣਗੇ !

**ਡਾ. ਮਨਪ੍ਰੀਤ:** ਹਾਂ...ਜ਼ਰੂਰ ਹੋ ਜਾਣਗੇ ! ਪਰ ਸਾਨੂੰ ਚੋਣ ਕਰਨੀ ਪਵੇਗੀ ਕੁਦਰਤ ਨਾਲ ਇਕਸੁਰਤਾ ਵਾਲੇ ਸਹਿਜ ਜੀਵਣ ਜਾਂ ਧਰਤ ਗ੍ਰਹਿ ਨੂੰ ਵਿਨਾਸ਼ ਵੱਲ ਧੱਕਨ ਵਾਲੇ ਵਕਤੀ ਸਹੂਲਤਾਂ ਵਾਲੇ ਜੀਵਣ ਵਿਚਕਾਰ !

**ਆਕਾਸ਼:** ਸੂਰਜੀ ਊਰਜਾ ਤੇ ਪੌਣ ਊਰਜਾ ਸਾਫ਼, ਹਰਿਤ ਤੇ ਨਵਿਆਉਣਯੋਗ ਊਰਜਾ ਹੈ... ਬਾਇਓਮਾਸ, ਗੋਬਰ ਤੇ ਕੂੜੇ-ਕਰਕਟ ਤੋਂ ਜਾ ਛੋਟੀਆਂ-ਛੋਟੀਆਂ ਜਲ ਧਰਾਵਾਂ ਤੋਂ ਬਿਜਲੀ ਬਣਾਉਣਾ ਵੀ ਨਵਿਆਉਣਯੋਗ ਸ੍ਰੋਤਾਂ ਵੱਲ ਕਦਮ ਹੈ !

**ਡਾ. ਮਨਪ੍ਰੀਤ**: ਐੱਲ.ਈ.ਡੀ. ਦੀ ਵਰਤੋਂ ਨਾਲ ਬਿਜਲੀ ਦੀ ਖਪਤ ਘੱਟਦੀ ਹੈ...ਤੇ ਚਾਨਣਾ ਵੀ ਵਧੀਆ ਕਰਦੀ ਹੈ !

**ਸੁਰਜੀਤ**: ਸਰ ! ਕੀ ਨਵਿਆਉਣਯੋਗ ਸ੍ਰੋਤਾਂ ਦਾ ਪੈਰਿਸ ਸਮਝੌਤੇ ਵਿਚ ਵੀ ਕੋਈ ਜ਼ਿਕਰ ਕੀਤਾ ਗਿਆ ਏ...।

**ਡਾ. ਮਨਪ੍ਰੀਤ**: ਹਾਂ..ਕੀਤਾ ਹੈ ਜ਼ਿਕਰ! ਭਾਰਤ ਨੇ ਇਸੇ ਤਹਿਤ ਟੀਚਾ ਮਿੱਥਿਆ ਹੈ ਕਿ 2030 ਤੱਕ ਦੇਸ਼ ਦੀ ਕੁੱਲ ਬਿਜਲੀ ਉਤਪਾਦਨ ਸ਼ਕਤੀ ਵਿਚ ਨਵਿਆਉਣਯੋਗ ਊਰਜਾ ਦਾ ਹਿੱਸਾ ਵਧਾ ਕੇ 40% ਤੱਕ ਕੀਤਾ ਜਾਵੇਗਾ, ਜੋ ਅਜੇ 17-18% ਤੱਕ ਹੈ।

**ਆਕਾਸ਼**:  ਹਾਂ ਇਹ ਵੀ ਸੰਕਲਪ ਹੈ ਕਿ ਊਰਜਾ ਵਰਤਨ ਵਾਲੇ ਵਿਕਾਸ ਦੇ ਕੰਮਾਂ ਅਤੇ ਹੋਰ ਸਾਰੇ ਖੇਤਰਾਂ ਵਿਚ ਬਿਜਲੀ ਦੀ ਬਚਤ ਕੀਤੀ ਜਾਵੇਗੀ ਅਤੇ ਨਵਿਆਉਣਯੋਗ ਊਰਜਾ ਦੀ ਵਰਤੋਂ ਨੂੰ ਉਤਸਾਹਿਤ ਕੀਤਾ ਜਾਵੇਗਾ।

**ਸੁਰਜੀਤ**:ਸਰ, ਟੀਚੇ ਤਾਂ ਬਹੁਤ ਜ਼ਬਰਦਸਤ ਨੇ... ਪਰ ਇਹ ਸਾਰਾ ਕੁਝ ਹੋਵੇਗਾ ਕਿਵੇਂ...?

**ਡਾ. ਮਨਪ੍ਰੀਤ**: ਐਨਾ ਘਬਰਾਉਣ ਦੀ ਲੋੜ ਨਹੀਂ ਭਾਰਤ ਸਰਕਾਰ ਕੋਲ ਇਸ ਟੀਚੇ ਦੀ ਪ੍ਰਾਪਤੀ ਲਈ ਇਕ ਵਿਵਸਥਾ ਹੈ, ਕਈ ਯੋਜਨਾਵਾਂ ਹਨ, ਪੱਕਾ ਇਰਾਦਾ ਹੈ ਅਤੇ ਸੰਕਲਪ ਵੀ !

**ਆਕਾਸ਼**: ਨਵਿਆਉਣਯੋਗ ਊਰਜਾ ਦੇ ਉਤਪਾਦਨ ਅਤੇ ਵਰਤੋਂ ਨੂੰ ਉਤਸਾਹਿਤ ਕਰਨ ਲਈ ਭਾਰਤ ਸਰਕਾਰ ਦਾ ਇਕ ਅਲੱਗ ਮੰਤਰਾਲਾ ਹੈ.. ਨਵੀਨ ਅਤੇ ਨਵਿਆਉਣਯੋਗ ਊਰਜਾ ਮੰਤਰਾਲਾ...!

**ਡਾ. ਮਨਪ੍ਰੀਤ**: ਦੇਸ ਵਿੱਚ ਘਰੇਲੂ ਤੋਂ ਵੱਡੇ ਉਦਯੋਗਾਂ ਤੱਕ ਊਰਜਾ ਦੀ ਬਚਤ ਤੇ ਊਰਜਾ ਵਰਤੋਂ ਕੁਸ਼ਲਤਾ ਨੂੰ ਵਧਾਉਣ ਦੇ ਲਈ "ਊਰਜਾ ਕੁਸ਼ਲਤਾ ਬਿਊਰੋ" ( Bureau Of Energy Efficiency or BEE ) ਹੈ... ਜੋ ਊਰਜਾ ਕੁਸ਼ਲਤਾ ਰੇਟਿੰਗ ਕਰਦਾ ਹੈ!

**ਸੁਰਜੀਤ**: ਉਪਕਰਨਾਂ 'ਤੇ ਸਟਾਰ ਲੇਬਲ ਲਗਦਾ ਹੈ! ਪੰਜ ਸਿਤਾਰੇ ਵਾਲੇ ਉਪਕਰਨ ਬਿਜਲੀ ਦੀ ਖਪਤ ਸਭ ਤੋਂ ਘੱਟ ਕਰਦੇ ਨੇ!

**ਸੌਰਭ**:  ਮੈਡਮ, ਸਾਡੇ ਘਰ ਵਿਚ ਬਿਜਲੀ ਦੇ ਸਾਰੇ ਉਪਕਰਨ ਪੰਜ ਸਟਾਰ ਵਾਲੇ ਹੀ ਹਨ...।

**ਡਾ. ਮਨਪ੍ਰੀਤ**: ਵੈਰੀ ਗੁਡ...ਤਾਂ ਤਾੜੀਆਂ ਹੋ ਜਾਣ ਇਸ ਗੱਲ 'ਤੇ...?

(ਤਾੜੀਆਂ)

**ਆਕਾਸ਼**: ਸਟਾਰ ਲੇਬਲ ਯੋਜਨਾ B.E.E. ਦੀ ਹੈ...।ਇਸ ਨਾਲ ਬਿਜਲੀ ਦੀ ਮੰਗ ਘੱਟ ਕਰਨ ਵਿਚ ਕਾਫ਼ੀ ਮੱਦਦ ਮਿਲੀ ਹੈ ।

**ਡਾ. ਮਨਪ੍ਰੀਤ**: ਭਾਰਤ  ਸਰਕਾਰ ਦੀ ਪੈਟਰੋਲ ਸੁਰੱਖਿਅਣ ਖੋਜ ਸੰਸਥਾ (Petroleum Conservation Research Association or PCRA) ਟ੍ਰਾਂਸਪੋਰਟ ਵਿਚ, ਘਰਾਂ ਵਿਚ ਤੇ ਫੈਕਟਰੀਆਂ ਵਿਚ ਪਥਰਾਹਟੀ ਤੇਲਾਂ ਦੀ ਖ਼ਪਤ ਨੂੰ ਘੱਟ ਕਰਨ ਦੇ ਉਪਾਅ ਦਸਦੀ ਹੈ, ਜਿਸ ਨਾਲ ਪੈਟਰੋਲ-ਡੀਜ਼ਲ ਅਤੇ ਗੈਸ ਦੀ ਖ਼ਪਤ ਘੱਟ ਕਰਕੇ ਬਚਤ ਕਰਨ ਵਿਚ ਕਾਮਯਾਬੀ ਮਿਲੀ ਹੈ।

**ਸੁਰਜੀਤ**:PCRA ਦੇ ਉਪਾਅ ਨਾਲ  ਅਸੀਂ ਕਾਰ ਵਿਚ ਪੈਟਰੋਲ ਦੀ ਤੇ ਰਸੋਈ ਵਿਚ ਗੈਸ ਦੀ ਬਚਤ ਕਰਦੇ ਹਾਂ !

**ਡਾ. ਮਨਪ੍ਰੀਤ**: ਤਾਂ, ਹੋ ਜਾਣ ਤਾੜੀਆਂ ਸੁਰਜੀਤ ਦੇ ਪਰਿਵਾਰ ਦੇ ਲਈ...!

(ਤਾੜੀਆਂ)

**ਆਕਾਸ਼**: ਪੈਰਿਸ ਸਮਝੌਤੇ ਤੋਂ ਬਾਅਦ ਭਾਰਤ ਸਰਕਾਰ ਨੇ ਆਪਣੇ ਨਵਿਆਉਣਯੋਗ ਊਰਜਾ ਦੇ ਟੀਚਿਆਂ ਨੂੰ ਪਹਿਲਾਂ ਨਾਲੋਂ ਵਧਾ ਦਿੱਤਾ ਏ.. ਅਤੇ ਇਸ ਦੇ ਲਈ ਕਈ ਨਵੀਆਂ ਯੋਜਨਾਵਾਂ ਵੀ ਸ਼ੁਰੂ ਕੀਤੀਆਂ ਹਨ...!

**ਡਾ. ਮਨਪ੍ਰੀਤ**: ਹਾਂ, 2022 ਤੱਕ ਦੇਸ਼ ਵਿਚ ਨਵਿਆਉਣਯੋਗ ਊਰਜਾ ਦਾ 175 ਗੀਗਾਵਾਟਸਮਰੱਥਾ ਦਾ ਟੀਚਾ ਹੈ ਇਸ ਵਿੱਚ 100 ਗੀਗਾਵਾਟ ਸੌਰ ਊਰਜਾ, 60 ਗੀਗਾਵਾਟ ਪੌਣ ਊਰਜਾ,10 ਗੀਗਾਵਾਟ ਜੈਵ-ਊਰਜਾ ਤੇ 5 ਗੀਗਾਵਾਟ ਸ਼ਕਤੀ ਛੋਟੀਆਂ ਜਲ ਧਾਰਾਵਾਂ ਨਾਲ ਪ੍ਰਾਪਤ ਕਰਨ ਦਾ ਹੈ! ਇਸ ਪ੍ਰਾਪਤੀ ਨਾਲ ਹੀ ਅਸੀਂ ਪੈਰਿਸ ਸਮਝੌਤੇ ਦੇ ਆਪਣੇ ਸੰਕਲਪ ਨੂੰ ਪੂਰਾ ਕਰ ਸਕਾਂਗੇ !

**ਆਕਾਸ਼**: ਸੌਰ ਊਰਜਾ ਲਈ ਰਸਟਰੀ ਸੌਰ-ਊਰਜਾ ਮਿਸ਼ਨ ਹੈ, ਜਿਸ ਤਹਿਤ ਦੇਸ਼ ਭਰ ਵਿਚ ਤੇਜ਼ੀ ਨਾਲ ਕੰਮ ਕਰਦੇ ਹੋਏ ਬਹੁਤ ਸਾਰੇ ਛੋਟੇ-ਛੋਟੇ ਸੌਰ ਬਿਜਲੀ ਘਰ ਲਗਾਏ ਜਾ ਰਹੇ ਹਨ... ਘਰੇਲੂ ਸੌਰ ਉਜਾਲਾ ਪ੍ਰਣਾਲੀ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ ।

**ਸੌਰਭ**: ਸਰ, ਸਾਡੀ ਛੱਤ ‘ਤੇ ਤਾਂ ਸੌਲਰ ਵਾਟਰ ਹੀਟਰ ਏ, ਸਾਨੂੰ ਗਰਮ ਪਾਣੀ ਮਿਲਦਾ ਏ ਤੇ ਬਿਜਲੀ ਵੀ ਖ਼ਰਚ ਨਹੀਂ ਹੁੰਦੀ...

**ਡਾ. ਮਨਪ੍ਰੀਤ**: ਸੌਰਭ ਦੇ ਘਰ ਦੇ ਲਈ ਵੀ ਹੋ ਜਾਣ ਤਾੜੀਆਂ..

(ਤਾੜੀਆਂ )

**ਆਕਾਸ਼**:ਦੇਸ਼ ਵਿਚ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਨਾਲ ਨਿਪਟਣ ਲਈ ਇਕ ਰਾਸ਼ਟਰੀ ਕਾਰਜ ਯੋਜਨਾ ਤਿਆਰ ਕੀਤੀ ਹੈ।ਜਿਸ ਵਿਚ ਮੁੱਖ ਤੌਰ ‘ਤੇ ਅੱਠ ਰਾਸ਼ਟਰੀ ਮਿਸ਼ਨ ਕੰਮ ਕਰ ਰਹੇ ਹਨ! ਰਾਸ਼ਟਰੀ ਸੋਲਰ ਮਿਸ਼ਨ ਵੀ ਇਸੇਦਾ ਈ ਹਿੱਸਾ ਏ...!

**ਡਾ. ਮਨਪ੍ਰੀਤ**: ਹਾਂ ! ਊਰਜਾ-ਉਪਯੋਗ ਦੀ ਕੁਸ਼ਲਤਾ ਨੂੰ ਵਧਾਉਣ, ਦੇਸ਼ ਨੂੰ ਹਰਾ-ਭਰਾ ਬਨਾਉਣ, ਜਲਵਾਯੂ ਪਰਿਵਰਤਨ ਸਬੰਧੀ ਜਾਣਕਾਰੀ ਤੇ ਗਿਆਨ ਨੂੰ ਵਧਾਉਣ ਲਈ ਵੀ ਰਾਸ਼ਟਰੀ ਮਿਸ਼ਨ ਚਲਾਏ ਜਾ ਰਹੇ ਹਨ...!

**ਆਕਾਸ਼**: ਪਾਣੀ ਲਈ, ਟਿਕਾਊ ਖੇਤੀ ਤੇ ਟਿਕਾਊ ਨਿਵਾਸ ਲਈ, ਹਿਮਾਲਿਆ ਦੀ ਵਾਤਾਵਰਣੀ ਪ੍ਰਣਾਲੀ (ਈਕੋ-ਸਿਸਟਮ) ਦੇ ਸੁਰੱਖਿਅਣ ਦੇ ਲਈ ਵੀ ਰਾਸ਼ਟਰੀ ਮਿਸ਼ਨ ਹੈ।

**ਡਾ. ਮਨਪ੍ਰੀਤ**:ਇਨ੍ਹਾਂ ਰਾਹੀਂ ਦੇਸ਼ ਵਿਚ ਨਵਿਆਉਣਯੋਗ ਊਰਜਾ ਦੇ ਵਿਕਾਸ , ਵਾਤਾਵਰਨ ਦੇ ਸੁਰੱਖਿਅਣ ਤੇ ਸਾਡੇ ਆਪਣੇ ਪੱਧਰ ‘ਤੇ ਜਲਵਾਯੂ ਪਰਿਵਰਤਨ ‘ਤੇ ਰੋਕ ਲਗਾਉਣ ਦੀ ਕੋਸ਼ਿਸ਼ ਹੈ ਤਾਕਿ ਵਿਸ਼ਵ ਮੁੰਹਿਮ ਵਿਚ ਅਸੀਂ ਵੱਡਾ ਯੋਗਦਾਨ ਪਾ ਸਕੀਏ।

**ਸੁਰਜੀਤ**: ਮੈਂ ਸੋਚ ਰਹੀ ਸੀ ਕਿ ਸਾਡੇ ਐਨੇ ਵੱਡੇ ਦੇਸ਼ ਵਿਚ ਐਨਾ ਸਾਰਾ ਕੰਮ ਕਿਵੇਂ ਹੁੰਦਾ ਹੋਵੇਗਾ...ਕਿੰਨੇ ਸਾਰੇ ਰਾਜ ਹਨ ਸਾਡੇ.. ਸਾਰਿਆਂ ਦੀ ਜਲਵਾਯੂ ਅਲੱਗ-ਅਲੱਗ ਹੈ.. ਤਾਂ...

**ਡਾ. ਮਨਪ੍ਰੀਤ**:ਇਹੀ ਤਾਂ ਸਾਡੇ ਦੇਸ਼ ਦੀ ਖੂਬਸੂਰਤੀ ਹੈ.. ਇਹੀ ਸਾਡੀ ਤਾਕਤ ਏ.. ਰਾਸ਼ਟਰੀ ਕਾਰਜ-ਯੋਜਨਾ ਵਾਂਗ ਹੀ ਦੇਸ਼ ਦੇ 33 ਰਾਜਾਂ ਨੇ ਵੀ ਆਪਣੇ ਲਈ ਕਾਰਜ-ਯੋਜਨਾਵਾਂ ਤਿਆਰ ਕੀਤੀਆਂ ਹਨ, ਜਿਨ੍ਹਾਂ ਵਿਚ ਰਾਜਾਂ ਦੇ ਹਾਲਾਤਾਂ ਦੇ ਹਿਸਾਬ ਨਾਲ ਜਲਵਾਯੂ-ਪਰਿਵਰਤਨ ਦੀ ਚੁਣੌਤੀ ਨਾਲ ਨਿਪਟਣ ਲਈ ਖਾਕਾ ਤਿਆਰ ਕੀਤਾ ਗਿਆ ਏ।

**ਸੁਰਜੀਤ**: ਖੇਤੀ ਕਰਨ ਵਾਲਿਆਂ ਨੂੰ ਤਾਂ ਜਲਵਾਯੂ-ਪਰਿਵਰਤਨ ਨਾਲ ਵੱਡੀ ਦਿੱਕਤ ਆ ਰਹੀ ਏ...! ਖੇਤੀ ਨੂੰ ਬਚਾਉਣ ਦੇ ਲਈ ਵੀ ਕੁਝ ਖ਼ਾਸ ਕੀਤਾ ਜਾ ਰਿਹਾ ਹੈ ਕੀ...?

**ਆਕਾਸ਼**: ਹਾਂ ! ਕੀਤਾ ਜਾ ਰਿਹਾ ਹੈ ਖੇਤੀ ਵਾਸਤੇ ਖਾਸ ! ਸਾਡੇ ਦੇਸ਼ ਦੀ ਅਰਥ ਵਿਵਸਥਾ ਅੱਜ ਵੀ ਕਾਫੀ ਹੱਦ ਤੱਕ ਖੇਤੀ ਬਾੜੀ ‘ਤੇ ਨਿਰਭਰ ਏ... ਜੇਕਰ ਖੇਤੀ ਨੂੰ ਕੋਈ ਨੁਕਸਾਨ ਪਹੁੰਚਦਾ ਏ ਤਾਂ ਇਸ ਦਾ ਅਸਰ ਪੂਰੇ ਦੇਸ਼ ‘ਤੇ ਪਏਗਾ ! ਇਸ ਵਾਸਤੇ ਜਲਵਾਯੂ ਲਚੀਲੀ ਖੇਤੀ ਲਈ ਰਾਸਟਰੀ ਪਹਿਲ (National Initiative On Climate Resilient Agriculture or NICRA) ਨਾਮੀ ਇਕ ਵੱਡੀ ਰਾਸ਼ਟਰੀ ਯੋਜਨਾ ਚਲਾਈ ਜਾ ਰਹੀ ਏ..!

**ਡਾ. ਮਨਪ੍ਰੀਤ**: ਇਸ ਯੋਜਨਾ ਵਿਚ ਅਲੱਗ-ਅਲੱਗ ਜਲਵਾਯੂ-ਖੇਤਰਾਂ ਲਈ ਅਜਿਹੀਆਂ ਖੇਤੀਬਾੜੀ-ਤਕਨੀਕਾਂ, ਫਸਲਾਂ ਦੀਆਂ ਕਿਸਮਾਂ ਤੇ ਖੇਤੀਬਾੜੀ-ਪ੍ਰਣਾਲੀਆਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨਾਲ ਜਲਵਾਯੂ ਪਰਿਵਰਤਨ ਦੇ ਦੌਰ ਵਿਚ ਵੀ

ਖੇਤਾਂ ਵਿਚ ਹਰਿਆਲੀ ਬਣੀ ਰਹੇ.. ਖੇਤੀ ਉਤਪਾਦਨ ਨੂੰ ਕੋਈ ਨੁਕਸਾਨ ਨਾ ਪਹੁੰਚੇ...।

**ਆਕਾਸ਼:**ਇਸਦੇ ਲਈ ਕਿਸਾਨਾਂ ਨੂੰ ਸਿੱਖਿਅਤ ਵੀ ਕੀਤਾ ਜਾ ਰਿਹਾ ਹੈ...! ਕਹਿੰਦੇ ਨੇ ਇਸ ਨੂੰ ਮੌਸਮ ਨਾਲ ਢੁੱਕਵੀਂ ਖੇਤੀ (**ਕਲਾਈਮੇਟ ਸਮਾਰਟ ਐਗਰੀਕਲਚਰ**)। ਦੇਸ਼ ਭਰ ਵਿਚ ਇਸ ਨੂੰ ਉਤਸਾਹਿਤ ਕੀਤਾ ਜਾ ਰਿਹਾ ਏ..।

**ਸੌਰਭ:** ਇਸ ਸੱਭ ਕੁੱਝ 'ਤੇ ਤਾਂ ਖ਼ਰਚ ਵੀ ਬਹੁਤ ਜਿਆਦਾ ਹੋ ਰਿਹਾ ਹੋਵੇਗਾ ?

**ਸੁਰਜੀਤ:**ਖ਼ਰਚ! ਟੈਂਸ਼ਨ ਨਾ ਲੈ ! ਤੇਰੇ ਤੋਂ ਕੋਈ ਮੰਗਣ ਨਹੀਂ ਆ ਰਿਹਾ...

(**ਸਾਰੇ ਹੱਸਦੇ ਹਨ।**)

**ਡਾ. ਮਨਪ੍ਰੀਤ**: ਚੁੱਪ ਕਰੋ.... ਸੁਰਜੀਤ, ਅਜਿਹੀਆਂ ਨਿਜੀ ਟਿਪਨੀਆਂ ਕਰਨ ਦੀ ਕੋਈ ਲੋੜ ਨਹੀਂ...

**ਸੁਰਜੀਤ:** ਸੌਰੀ ਮੈਡਮ...

**ਅਕਾਸ਼:** ਸੌਰਭ ਨੇ ਜਲਵਾਯੂ ਪਰਿਵਰਤਨ ਦਾ ਸਾਹਮਣਾ ਕਰਨ ਲਈ ਅਤੇ ਇਸ ਬਦਲਾਅ 'ਤੇ ਰੋਕ ਲਗਾਉਣ ਲਈ ਹੋਣ ਵਾਲੇ ਖ਼ਰਚ 'ਤੇ ਸਵਾਲ ਕੀਤਾ ਹੈ... ਜਿਹੜੀ ਇਕ ਚੰਗੀ ਗੱਲ ਏ !

**ਡਾ. ਮਨਪ੍ਰੀਤ**: ਚੰਗੇ ਸਵਾਲ 'ਤੇ ਤਾੜੀਆਂ ਤਾਂ ਬਣਦੀਆਂ ਹੀ ਹਨ !

(**ਤਾੜੀਆਂ**)

**ਆਕਾਸ਼:** ਅਲੱਗ-ਅਲੱਗ ਮਿਸ਼ਨਾਂ ਤੇ ਯੋਜਨਾਵਾਂ ਲਈ ਜ਼ਰੂਰਤ ਅਨੁਸਾਰ ਬਜਟ ਦੀ ਵਿਵਸਥਾ ਕੀਤੀ ਗਈ ਹੈ ! ਹੁਣੇ ਹੀ ਸਰਕਾਰ ਨੇ ਇਕ ਵਿਸ਼ੇਸ਼ ਜਲਵਾਯੂ ਪਰਿਵਰਤਨ ਅਨੁਕੂਲਨ ਫੰਡ (Adaptation Fund) ਬਣਾਇਆ ਏ.. ਇਸ ਦੇ ਤਹਿਤ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਅਜਿਹੀਆਂ ਗਤੀਵਿਧੀਆਂ ਲਈ ਫੰਡ ਦਿੱਤੇ ਜਾ ਰਹੇ ਹਨ, ਜਿਨ੍ਹਾਂ ਦੀ ਮੱਦਦ ਨਾਲ ਜਲਵਾਯੂ ਪਰਿਵਰਤਨ ਦਾ ਸਾਹਮਣਾ ਕੀਤਾ ਜਾ ਸਕੇ। ਇਸ ਨੂੰ 100 ਕਰੋੜ ਰੁ: ਦੀ ਸ਼ੁਰੂਆਤੀ ਪੂੰਜੀ ਨਾਲ ਸ਼ੁਰੂ ਕੀਤਾ ਗਿਆ ਹੈ।

**ਸੌਰਭ:** ਵਾਹ!.. ਇਹ ਤਾਂ ਬਹੁਤ ਚੰਗਾ ਹੋਇਆ।

**ਡਾ. ਮਨਪ੍ਰੀਤ**: ਇਕ ਰਾਸ਼ਟਰੀ ਸਾਫ਼ ਊਰਜਾ ਫੰਡ ਵੀ ਸਥਾਪਤ ਕੀਤਾ ਗਿਆ ਹੈ...! ਇਸ ਦਾ ਉਦੇਸ਼ ਹੈ ਵਿੱਤੀ ਸਹਾਇਤਾ ਦੇ ਕੇ ਸਾਫ਼ ਊਰਜਾ ਦੇ ਯਤਨਾਂ ਨੂੰ ਉਤਸ਼ਾਹਿਤ ਕਰਨਾ...

**ਸੁਰਜੀਤ**: ਸਾਫ਼ ਊਰਜਾ ਤਾਂ ਨਵਿਆਉਣਯੋਗ ਊਰਜਾ ਹੀ ਹੋਈ, ਜਿਸ ਦੇ ਉਤਪਾਦਨ ਨਾਲ ਪ੍ਰਦੂਸ਼ਣ ਨਾ ਹੋਵੇ, ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਨਾ ਹੋਵੇ...।

**ਡਾ. ਮਨਪ੍ਰੀਤ**: ਹਾਂ...ਬਿਲਕੁਲ ਠੀਕ! ਇਸ ਮਾਮਲੇ ਵਿਚ ਭਾਰਤ ਨੇ ਇਕ ਵੱਡੀ ਅੰਤਰਰਾਸ਼ਟਰੀ ਪਹਿਲ ਕਰਦੇ ਹੋਏ ਇਕ **ਵਿਸ਼ਵ ਸੌਰ ਊਰਜਾ ਸਮੂਹ** ਦਾ ਗਠਨ ਕੀਤਾ ਹੈ ਜਿਸ ਵਿਚ ਭਾਰਤ ਸਮੇਤ 120 ਦੇਸ਼ ਸ਼ਾਮਿਲ ਹਨ ।ਇਹ ਸਾਰੇ ਅਜਿਹੇ ਦੇਸ਼ ਹਨ, ਜਿਥੇ ਸੂਰਜੀ ਊਰਜਾ ਭਰਭੂਰ ਮਾਤਰਾ ਵਿਚ ਉਪਲਬਧ ਹੈ ।

**ਆਕਾਸ਼:** ਭਾਰਤ ਪੂਰੀ ਦੁਨੀਆ ਵਿਚ ਸੌਰ ਊਰਜਾ ਉਤਪਾਦਨ ਤੇ ਇਸਦੀ ਵਰਤੋਂ ਦੀ ਇਕ ਮੁਹਿੰਮ ਚਲਾ ਰਿਹਾ ਹੈ ਕਿਉਂਕਿ ਜਲਵਾਯੂ ਪਰਿਵਰਤਨ ਦਾ ਮੁੱਦਾ ਕਿਸੇ ਇਕ ਦੇਸ਼ ਦਾ ਨਹੀਂ, ਬਲਕਿ ਪੂਰੀ ਦੁਨੀਆ ਜਾਂ ਪੂਰੇ ਆਖੋ ਧਰਤ ਗ੍ਰਹਿ ਦਾ ਏ।

**ਸੁਰਜੀਤ**: ਅੱਛਾ ! ਸਾਡਾ ਦੇਸ਼ ਤਾਂ ਅੰਤਰਰਾਸ਼ਟਰੀ ਮੰਚ 'ਤੇ ਵੀ ਨਾਮ ਕਮਾ ਰਿਹਾ ਹੈ.. ।

**ਡਾ. ਮਨਪ੍ਰੀਤ**: ਦੁਨੀਆ ਦੇ 180 ਦੇਸ਼ਾਂ ਨੇ ਮਿਲਕੇ ਆਲਮੀ ਪਰਿਆਵਰਣ ਸਹੂਲਤ ('ਗਲੋਬਲ ਐਨਵਾਇਰਨਮੈਂਟ ਫੈਸਿਲਿਟੀ' ਜਾ 'ਜੀ ਈ ਐਫ') ਨਾਂ ਦਾ ਇਕ ਅੰਤਰਰਾਸ਼ਟਰੀ ਮੰਚ ਬਣਾਇਆ ਸੀ। ਇਹ ਮੰਚ ਜਲਵਾਯੂ ਪਰਿਵਰਤਨ ਦੇ ਨਾਲ-ਨਾਲ ਵਾਤਾਵਰਨ ਨਾਲ ਜੁੜੇ ਹੋਰ ਪਹਿਲੂਆਂ 'ਤੇ ਖੋਜ ਅਤੇ ਵਿਕਾਸ ਦੇ ਲਈ ਸਹਾਇਤਾ ਕਰਦਾ ਹੈ।

**ਆਕਾਸ਼:** ਭਾਰਤ ਦੀਆਂ ਜਲਵਾਯੂ ਅਨੁਕੂਲ ਖੇਤੀ ਤੇ ਨਵਿਆਉਣਯੋਗ ਊਰਜਾ ਦੇ ਵਿਕਾਸ ਨਾਲ ਸਬੰਧਤ ਖੋਜ ਯੋਜਨਾਵਾਂ ਨੂੰ 'ਜੀ ਈ ਐਫ'ਦੁਆਰਾ ਸਹਾਇਤਾ ਦਿੱਤੀ ਜਾ ਰਹੀ ਹੈ।

**ਸੌਰਭ:** ਸਰ, ਸਾਨੂੰ ਆਪਣੇ ਗੁਆਂਢੀਆਂ ਦੀਆਂ ਤਕਲੀਫਾਂ 'ਤੇ ਵੀ ਤਾਂ ਧਿਆਨ ਦੇਣਾ ਚਾਹੀਦਾ ਹੈ...ਪਿਛਲੇ ਸੈਸ਼ਨ ਵਿਚ ਦੱਸਿਆ ਗਿਆ ਸੀ ਕਿ ਧਰਤੀ ਦਾ ਤਾਪਮਾਨ ਵਧਣ ਨਾਲ ਬੰਗਲਾਦੇਸ਼ ਦਾ ਇਕ ਹਿੱਸਾ ਸਮੁੰਦਰ ਵਿਚ ਡੁੱਬ ਜਾਵੇਗਾ !

**ਡਾ. ਮਨਪ੍ਰੀਤ**: ਸੌਰਭ ਦਾ ਇਹ ਸਵਾਲ ਤਾਂ ਸੱਚਮੁੱਚ ਹੀ ਤਾੜੀਆਂ ਦੀ ਮੰਗ ਕਰਦਾ ਏ...

(ਤਾੜੀਆਂ)

**ਡਾ. ਮਨਪ੍ਰੀਤ**: ਭਾਰਤ ਨੇ ਗੁਆਂਢੀ ਦੇਸ਼ਾਂ ਦੇ ਨਾਲ ਮਿਲ ਕੇ **ਦੱਖਣੀ ਏਸ਼ੀਆਈ ਖੇਤਰੀ ਕੇਂਦਰ** ('ਸਾਰਕ') ਨਾਮਕ ਇਕ ਸੰਗਠਨ ਬਣਾਇਆ ਸੀ । ਇਸਦੇ ਤਹਿਤ ਆਪਸੀ ਸਹਿਯੋਗ ਨਾਲ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਇਹ ਪੂਰਾ ਖੇਤਰ ਮੋਢੇ ਨਾਲ ਮੋਢਾ ਜੋੜ ਕੇ ਸਮੱਸਿਆ ਦਾ ਹੱਲ ਕਰਨ ਦੇ ਲਈ ਤਿਆਰ ਹੈ ਅਤੇ ਇਸ ਬਦਲਾਅ 'ਤੇ ਰੋਕ ਲਗਾਉਣ ਦਾ ਕੰਮ ਵੀ ਕਰ ਰਿਹਾ ਹੈ।

**ਆਕਾਸ਼:** ਜਲਵਾਯੂ ਪਰਿਵਰਤਨ ਅਤੇ ਗਲੋਬਲ ਵਾਰਮਿੰਗ ਦੀ ਆਫ਼ਤ ਨਾਲ ਨਿਪਟਣ ਲਈ ਅੱਜ ਸਾਰਾ ਸੰਸਾਰ ਮਿਲ ਕੇ ਕੰਮ ਕਰ ਰਿਹਾ ਹੈ।

**ਡਾ.ਮਨਪ੍ਰੀਤ:** ਭਾਰਤ ਨੇ ਇਸ ਕਾਰਜ ਵਾਸਤੇ ਕਈ ਠੋਸ ਨੀਤੀਆਂ, ਪ੍ਰੋਗਰਾਮ ਅਤੇ ਯੋਜਨਾਵਾਂ ਬਣਾਈਆਂ ਹਨ, ਜਿਨ੍ਹਾਂ 'ਤੇ ਅਸੀਂ ਅੱਗੇ ਵਧਦੇ ਰਹੇ ਹਾਂ ਦ੍ਰਿੜਤਾ ਦੇ ਨਾਲ !

**ਆਕਾਸ਼:** ਸਾਨੂੰ ਪੂਰੀ ਉਮੀਦ ਹੈ ਕਿ ਜਲਵਾਯੂ ਪਰਿਵਰਤਨ ਦੀ ਆਫ਼ਤ ਭਾਰਤ ਵਿਚ ਕੋਈ ਗੰਭੀਰ ਨੁਕਸਾਨ ਨਹੀਂ ਪਹੁੰਚਾ ਸਕੇਗੀ... ਅਸੀਂ ਇਸ ਦਾ ਮਿਲ ਕੇ ਸਾਹਮਣਾ ਕਰਾਂਗੇ ਅਤੇ ਇਸ 'ਤੇ ਰੋਕ ਵੀ ਲਗਾਵਾਂਗੇ।

(ਤਾੜੀਆਂ)

(ਸਮਾਪਤੀ ਸੰਗੀਤ)

**ਪ੍ਰਸ਼ਨ -1 ਕਿਉਟੋ ਪ੍ਰੋਟੋਕਾਲ ਕਿਸ ਮੁਲਕ ਨੇ ਨਹੀਂ ਮੰਨੀ , ਇਸ ਤੋਂ ਬਾਅਦ ਕਾਰਬਨ ਪ੍ਰਦੂਸ਼ਣ ਦੀ ਦਰ ਕਿਨ੍ਹਾਂ ਦੋ ਮੁਲਕਾਂ ਵਿੱਚ ਸੱਭ ਤੋਂ ਜਿਆਦਾ ਵਧੀ ਹੈ ?**

ਉੱਤਰ: ਅਮਰੀਕਾ ਨੇ ਨਹੀਂ ਮੰਨੀ , ਅਮਰੀਕਾ ਤੇ ਕੈਨੇਡਾ ।

**ਪ੍ਰਸ਼ਨ - 2 ਹਰਿਤ ਤੇ ਸਾਫ ਊਰਜਾ ਕੀ ਹੈ ?**

ਉੱਤਰ: ਨਵਿਆਉਣਯੋਗ ਸ੍ਰੋਤਾਂ ਤੋਂ ਮਿਲਣ ਵਾਲੀ ਜੋ ਹਰਿਤ ਘਰ ਗੈਸਾਂ ਦਾ ਉਤਸਰਜਨ ਨਾ ਕਰੇ ਹਰਿਤ ਤੇ ਸਾਫ ਊਰਜਾ ਕਹੀ ਜਾਂਦੀ ਹੈ । ਜਿਵੇਂ ਸੌਰ ਊਰਜਾ , ਪੌਣ ਊਰਜਾ ਤੇ ਪਣ ਊਰਜਾ ਆਦਿ !